# ਸੁਪਰ ਇੰਟੈਗਰਲ ਕੋਚ/ਐਚ.ਵੀ.ਏ.ਸੀ. ਬੱਸਾਂ ਦੇ ਢਾਬਿਆਂ/ਹੋਟਲਾਂ ਤੇ ਖੜੇ ਕਰਨ ਸਬੰਧੀ ਸ਼ਰਤਾਂ

1. ਇਹ ਪਾਲਿਸੀ ਕੇਵਲ ਸੁਪਰ ਇੰਟੈਗਰਲ/ਐਚ.ਵੀ.ਏ.ਸੀ. ਬੱਸਾਂ ਲਈ ਹੈ।

2. ਇਹ ਸਹੂਲਤ ਕੇਵਲ ਨੈਸ਼ਨਲ ਹਾਈਵੇ/ਸਟੇਟ ਹਾਈਵੇ ਰੂਟਾਂ ਤੇ ਚੱਲ ਰਹੀਆਂ ਬੱਸਾਂ ਲਈ ਹੋਵੇਗੀ।

3. ਇਸ ਪਾਲਿਸੀ ਤਹਿਤ ਕੇਵਲ 200 ਕਿਲੋਮੀਟਰ ਤੋਂ ਉਪਰ ਚੱਲ ਰਹੇ ਰੂਟਾਂ ਤੇ ਕੇਵਲ ਇਕ ਵਾਰ ਖੜਨ ਦੀ ਆਗਿਆ ਦਿੱਤੀ ਜਾਵੇਗੀ ਅਤੇ 200 ਕਿਲੋਮੀਟਰ ਤੋਂ ਘੱਟ ਸਫਰ ਵਾਲੇ ਰੂਟ ਵਾਲੀਆਂ ਬੱਸਾਂ ਨੂੰ ਖੜਨ ਦੀ ਆਗਿਆ ਨਹੀਂ ਹੋਵੇਗੀ।

4. ਕੋਈ ਵੀ ਬੱਸ ਸਬੰਧਤ ਡਿਪੂ ਦੇ ਮੇਨ ਅੱਡੇ ਤੋਂ ਚਲਣ ਉਪਰੰਤ ਘੱਟੋ ਘੱਟ ਡੇਢ ਘੰਟੇ ਦੇ ਸਫਰ ਜਾਂ 80 ਕਿਲੋਮੀਟਰ (ਜੋ ਵੀ ਪਹਿਲਾਂ ਹੋਵੇ) ਤੋਂ ਪਹਿਲਾਂ ਇਹਨਾਂ ਢਾਬਿਆਂ/ਹੋਟਲਾਂ ਤੇ ਨਹੀਂ ਰੁਕੇਗੀ।

5. ਜਿਹੜੀਆਂ ਪਾਰਟੀਆਂ ਵਲੋਂ ਇਸ ਸਬੰਧੀ ਆਪਣਾ ਇੰਟਰੈਸਟ ਦਿੱਤਾ ਜਾਵੇਗਾ ਉਸ ਦੇ ਹੋਟਲ/ਢਾਬੇ ਦੀ ਪੰਜਾਬ ਰੋਡਵੇਜ ਦੇ ਸਟਾਫ ਵਲੋਂ ਡਾਇਰੈਕਟੋਰੇਟ ਦੀ ਪੱਧਰ ਤੇ ਇੰਸਪੈਕਸ਼ਨ ਕੀਤੀ ਜਾਵੇਗੀ।

6. ਜੋ ਵੀ ਢਾਬੇ /ਹੋਟਲ ਇੰਸਪੈਕਸ਼ਨ ਉਪਰੰਤ ਢੁਕਵੇ ਪਾਏ ਜਾਣਗੇ ਉਹ ਹਰੇਕ ਢਾਬਾ/ਹੋਟਲ ਬੱਸ ਰੋਕਣ ਲਈ eligible ਹੋਵੇਗਾ। ਸਵਾਰੀਆਂ ਦੀ ਸਫਰ ਸਹੂਲਤ, ਸਬੰਧਤ ਬੱਸ ਦੀ ਉਸਦੇ ਡਿਪੂ ਦੇ ਬੱਸ ਸਟੈਂਡ ਤੋਂ ਦੂਰੀ, ਟਾਈਮ ਟੇਬਲ ਅਤੇ ਢਾਬੇ/ਹੋਟਲ ਦੀ ਸਮਰਥਾਂ ਨੂੰ ਮੁੱਖ ਰੱਖਦੇ ਹੋਏ ਕਿਸ ਡਿਪੂ ਦੀਆਂ ਬੱਸਾਂ ਕਿਸ eligible ਢਾਬੇ/ਹੋਟਲ ਤੇ ਖੜੀਆਂ ਕਰਨੀਆਂ ਹਨ, ਇਸ ਦੀ ਆਗਿਆ ਡਾਇਰੈਕਟੋਰਟ ਦੇ ਪੱਧਰ ਤੇ ਦਿੱਤੀ ਜਾਵੇਗੀ।

7. ਇੰਸਪੈਕਸ਼ਨ ਦੌਰਾਨ ਇਹ ਯਕੀਨੀ ਬਣਾਇਆ ਜਾਵੇਗਾ ਕਿ ਢਾਬਾ/ਹੋਟਲ ਮਸ਼ਹੂਰ ਹੋਵੇ, ਏ.ਸੀ. ਬੱਸਾਂ ਦੇ ਰੁਕਣ ਲਈ ਉਚਿਤ ਪਾਰਕਿੰਗ ਦੀ ਜਗ੍ਹਾ, ਸਵਾਰੀਆਂ ਦੇ ਬੈਠਣ ਲਈ ਉਚਿਤ ਜਗ੍ਹਾ, ਖਾਣਾ ਹਾਈਜੈਨਿਕ ਬਣਾਉਣ ਲਈ ਕਿਚਨ, ਰੇਟ ਲਿਸਟ ਸਾਹਮਣੇ ਨਜ਼ਰ ਆਉਣੀ, ਟਾਇਲੈਟ, ਸਾਫ ਸਫਾਈ ਆਦਿ ਦਾ ਮੁਕੰਮਲ ਢੁਕਵਾਂ ਪ੍ਰਬੰਧ ਹੋਵੇ।

8. ਇਸੰਪੈਕਸ਼ਨ ਦੌਰਾਨ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਨੈਸ਼ਨਲ/ਸਟੇਟ ਹਾਈਵੇ ਤੋਂ ਬੱਸਾਂ ਦੇ ਅੰਦਰ ਜਾਣ ਅਤੇ ਬਾਹਰ ਜਾਣ ਲਈ ਕੋਈ ਵਾਧੂ (dead) ਮਾਈਲੇਜ ਨਾ ਪੈਂਦੀ ਹੋਵੇ ਅਤੇ ਬੱਸ ਨੂੰ ਯੂ-ਟਰਨ (U-turn) ਲੈ ਕੇ ਨਾ ਜਾਣਾ ਪਵੇ।

9. ਸਬੰਧਤ ਢਾਬੇ/ਹੋਟਲ ਨੂੰ ਆਗਿਆ ਦੇਣ ਦੀ ਸੂਰਤ ਵਿੱਚ ਉਸ ਨਾਲ ਵਿਭਾਗ ਵਲੋਂ ਐਗਰੀਮੈਂਟ ਕੀਤਾ ਜਾਵੇਗਾ ਅਤੇ ਢਾਬੇ/ਹੋਟਲ ਮਾਲਕ ਵਲੋਂ ਇਸ ਮੰਤਵ ਲਈ ਰੁਪਏ 40,000/- (ਕੇਵਲ ਚਾਲੀ ਹਜਾਰ ਰੁਪਏ) ਬਤੌਰ ਸਕਿਓਰਟੀ ਲਈ ਜਾਵੇਗੀ।

10. ਸੁਪਰ ਇੰਟੈਗਰਲ ਕੋਚ/ਐਚ.ਵੀ.ਏ.ਸੀ. ਬੱਸਾਂ ਲਈ ਢਾਬ/ਹੋਟਲ ਦੇ ਮਾਲਕ ਤੋਂ 70/- ਰੁ: ਪ੍ਰਤੀ ਟਰਿਪ ਪ੍ਰਤੀ ਬੱਸ ਅਤੇ ਬਣਦਾ ਜੀ.ਐਸ.ਟੀ ਵੀ ਚਾਰਜ ਕੀਤਾ ਜਾਵੇਗਾ, ਜਿਸ ਦਾ ਇੰਦਰਾਜ ਕੰਡਕਟਰ ਵਲੋਂ ਆਪਣੇ ਵੇਬਿਲ ਤੇ ਕੀਤਾ ਜਾਵੇਗਾ ਅਤੇ ਸਬੰਧਤ ਜੀ.ਐਮ/ਟੀ.ਐਮ ਯਕੀਨੀ ਬਣਾਏਗਾ ਕਿ ਇਹ ਪੈਸੇ ਕੈਸ਼ ਬਰਾਂਚ ਵਿੱਚ ਜਮ੍ਹਾ ਹੋ ਗਏ ਹਨ।

11. ਨਾਸ਼ਤ ਲਈ ਸਵੇਰੇ 7 ਤੋਂ 9 ਵਜੇ ਤੱਕ, ਦੁਪਿਹਰ ਦੇ ਖਾਣੇ ਲਈ 12 ਤੋਂ 3 ਵਜੇ ਤੱਕ ਅਤੇ ਰਾਤ ਦ ਖਾਣੇ ਲਈ ਸ਼ਾਮ 7 ਵਜੇ ਤੋਂ 10 ਵਜੇ ਤੱਕ ਵੱਧ ਤੋਂ ਵੱਧ 25 ਮਿੰਟ ਲਈ ਬੱਸ ਖੜਣ ਦੀ ਆਗਿਆ ਹੋਵੇਗੀ ਅਤੇ ਬਾਕੀ ਸਮੇਂ ਦੌਰਾਨ ਚਾਹ ਪਾਣੀ, ਰੀਫਰੈਸ਼ਮੈਂਟ ਆਦਿ ਲਈ ਵੱਧ ਤੋਂ ਵੱਧ 15 ਮਿੰਟ ਬੱਸ ਖੜੇ ਕਰਨ ਦੀ ਆਗਿਆ ਹੋਵੇਗੀ।

12. ਢਾਬੇ/ਹੋਟਲ ਵੱਲੋਂ ਸਮਾਨ ਦੀ ਰੇਟ ਲਿਸਟ ਲਗਾਉਣੀ ਲਾਜਮੀ ਹੋਵੇਗੀ।

13. ਸਬੰਧਤ ਢਾਬੇ/ਹੋਟਲ ਤੇ ਏ.ਸੀ. ਬਸਾਂ ਦੇ ਖੜੇ ਹੋਣ ਦੀ ਸੂਰਤ ਵਿੱਚ ਉੱਚ ਪੱਧਰ ਦੇ ਏ.ਸੀ. ਹਾਲ, ਬੈਠਣ ਦੀ ਜਗ੍ਹਾਂ, ਉਚਿਤ ਵਾਤਾਵਰਨ, ਖਾਣ ਪੀਣ ਵਾਲੀਆਂ ਚੀਜਾਂ ਹਾਈਜੈਨਿਕ ਬਣਾਉਣੀਆਂ ਅਤੇ ਟਾਇਲੈਟ ਆਦਿ ਦਾ ਉਚ ਪੱਧਰ ਦਾ ਉਚਿਤ ਪ੍ਰਬੰਧ ਹੋਣਾ ਚਾਹੀਦਾ ਹੈ।

14. ਜੇਕਰ ਕੋਈ ਹੋਟਲ ਜਾਂ ਢਾਬਾ ਮਿੱਥੀਆਂ ਗਈਆਂ ਸਰਤਾਂ ਨੂੰ ਪੂਰੀਆਂ ਨਹੀਂ ਕਰਦਾ ਜਾਂ ਇਹਨਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਨਾਲ ਕੀਤਾ ਐਗਰੀਮੈਂਟ ਤੁਰੰਤ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਦੀ ਸਕਿਓਰਟੀ ਜਬਤ ਕਰ ਲਈ ਜਾਵੇਗੀ।

15. ਇਹ ਆਗਿਆ ਕੇਵਲ 12 ਮਹੀਨੇ ਲਈ ਹੀ ਦਿੱਤੀ ਜਾਵੇਗੀ, ਜਿਸ ਨੂੰ ਬਾਅਦ ਵਿੱਚ ਢਾਬੇ/ਹੋਟਲ ਦੀ ਪ੍ਰਫਾਰਮੈਂਸ (performance) ਨੂੰ ਦੇਖਦੇ ਹੋਏ ਅੱਗੇ ਵਧਾਇਆ ਜਾ ਸਕਦਾ ਹੈ।

16. ਦੋ ਸਾਲ ਬਾਦ ਨਵੇਂ ਸਿਰੇ ਤੋਂ (Expression Of Interest) ਮੰਗਵਾ ਕੇ ਇਹ ਸਾਰੀ ਕਾਰਵਾਈ ਕਰਦੇ ਹੋਏ ਨਵੇਂ ਸਿਰੇ ਤੋਂ eligible ਢਾਬਿਆਂ/ਹੋਟਲਾਂ ਦੀ ਲਿਸਟ ਰਲੀਜ਼ ਕੀਤੀ ਜਾਵੇਗੀ।

17. ਹਰ ਇੱਕ ਢਾਬੇ/ਹੋਟਲ ਦੇ ਮਾਲਕ ਵੱਲੋਂ ਇੱਕ ਸ਼ਿਕਾਇਤ ਬੋਰਡ, ਜਿਸ ਤੇ ਡਾਇਰੈਕਟਰ ਸਟੇਟ ਟਰਾਂਸਪਰਟ/ਡਿਪਟੀ ਡਾਇਰੈਕਟਰ ਸਟੇਟ ਟਰਾਂਸਪੋਰਟ, ਪੰਜਾਬ ਦਾ ਨੰਬਰ ਲਿਖਣਾ ਜਰੂਰੀ ਹੋਵੇਗਾ, ਲਗਾਇਆ ਜਾਵੇਗਾ।

18. ਢਾਬੇ/ਹੋਟਲ ਤੋਂ ਸਮਾਨ ਖਰੀਦ ਕੇ ਖਾਣਾ ਸਵਾਰੀ ਲਈ ਲਾਜਮੀ ਨਹੀਂ ਹੋਵੇਗਾ ਅਤੇ ਜੇਕਰ ਕੋਈ ਸਵਾਰੀ ਆਪਣੇ ਘਰ ਤੋਂ ਬਣਿਆ ਪੈਕ ਕੀਤਾ ਸਮਾਨ ਖਾਣਾ ਚਾਹੇ ਤਾਂ ਉਸ ਨੂੰ ਇਸ ਦੀ ਇਜਾਜਤ ਹੋਵੇਗੀ।